# ਕੋਟਿ ਅਪ੍ਰਾਧ ਸਾਧ ਸੰਗਿ ਮਿਟੈ

ਇਹੁ ਨਿਧਾਨੁ ਜਪੈ ਮਨਿ ਕੋਇ ॥

ਸਭ ਜੁਗ ਮਹਿ ਤਾ ਕੀ ਗਤਿ ਹੋਇ ॥

ਇਹ ਪੰਕਤੀਆਂ, ਸ੍ਰੀ ਗੁਰੂ ਅਰਜਨ ਸਾਹਿਬ ਦੀ ਬਾਣੀ, ਸੁਖਮਨੀ ਸਾਹਿਬ ਦੀ ੨੪ਵੀਂ ਅਸਟਪਦੀ ਦਾ ੭ਵਾਂ ਪਦਾ ਹਨ ਅਤੇ ਇਹ ਪਦਾ ਪੰਨਾ ੨੯੬ ਤੇ ਸੁਭਾਇਮਾਨ ਹੈ।

-- ਇਸ ਪਦੇ ਦੀ ਪਹਿਲੀ ਪੰਕਤੀ ਵਿਚ, ਪਾਤਸ਼ਾਹ ਫ਼ੁਰਮਾਣ ਕਰ ਰਹੇ ਹਨ ਕਿ, ਪ੍ਰਭੂ ਦੇ ਨਾਮ ਦਾ ਸਿਮਰਣ, ਇਕ ਖਜ਼ਾਨਾ ਹੈ ਅਤੇ ਨਾਮ ਕੋਈ ਵਿਰਲਾ ਹੀ ਜਪਦਾ ਹੈ, ਸਿਮਰਦਾ ਹੈ।

ਪਰ ਇਹ ਨਾਮ ਰੂਪੀ ਖ਼ਜ਼ਾਨਾ ਪ੍ਰਾਪਤ ਤਾਂ ਵਡੇ ਭਾਗਾਂ ਨਾਲ ਹੀ ਹੁੰਦਾ ਹੈ, ਜਿਵੇਂ ਗੁਰੂ ਪਾਤਸ਼ਾਹ, ਪੰਨਾ ੨੧੭ ਤੇ ਫ਼ੁਰਮਾਣ ਕਰਦੇ ਹਨ - 'ਏਹੁ ਨਿਧਾਨੁ ਜਪੈ ਵਡਭਾਗੀ ਜੀਉ।।'

-- ਕਿਸੇ ਵੀ ਜੁਗ ਵਿਚ, ਕੋਈ ਪ੍ਰਾਣੀ ਵੀ, ਜੋ ਇਸ ਨਾਮ ਦਾ ਸਿਮਰਣ ਕਰਦਾ ਹੈ, ਇਹ ਖਜ਼ਾਨਾ ਇਕੱਠਾ ਕਰਦਾ ਹੈ, ਉਹ ਪਰਮ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਸ੍ਰੀ ਗੁਰੂ ਅਮਰਦਾਸ ਸਾਹਿਬ, ੧੧੧ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਹਰ ਜੁਗ ਵਿਚ ਜਿਹੜੇ ਪ੍ਰਾਣੀ ਵੀ ਸਾਧੂ-ਗੁਰੂ ਦੀ ਸੇਵਾ ਕਰਦੇ ਹਨ, ਉਹ ਸੋਭਾ ਪਾਉਂਦੇ ਹਨ - 'ਗੁਰ ਸੇਵਾ ਤੇ ਜੁਗ ਚਾਰੇ ਜਾਤੇ।।' ਮਹਾਰਾਜ, ਪੰਨਾ ੧੫੯ ਤੇ, ਫ਼ੁਰਮਾਣ ਕਰਦੇ ਹਨ ਕਿ ਕਿਸੇ ਜੁਗ ਵਿਚ ਵੀ, ਜਿਸ ਨੇ ਵੀ ਉਸ ਜਗ ਦੇ ਮਾਲਕ ਦਾ ਨਾਮ ਜਪਿਆ ਹੈ, ਉਹ ਜਾਣਿਆ ਜਾਂਦਾ ਹੈ, ਸੋਭਾ ਪਾਉਂਦਾ ਹੈ - 'ਜਗਜੀਵਨੁ ਸੇਵਿ ਜੁਗ ਚਾਰੇ ਜਾਤਾ।।'

ਗੁਣ ਗੋਬਿੰਦ ਨਾਮ ਧੁਨਿ ਬਾਣੀ ॥

ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥

-- ਗੋਬਿੰਦ, ਵਾਹਗੁਰੂ ਦੇ ਗੁਣਾਂ ਦਾ ਜਪਣਾ, ਉਚਾਰਣ ਕਰਨਾ,

ਇਕ ਧੁਨੀ ਪ੍ਰਗਟ ਕਰਦਾ ਹੈ, ਇਹ ਅਨਹਦ ਧੁਨਿ ਹੈ, ਜੋ ਹਰ ਪਾਸੇ, ਸਾਰੀ ਕਾਇਨਾਤ ਵਿਚ ਵੀ ਅਤੇ ਪਾਰ ਵੀ ਰਮੀ ਹੋਈ ਹੈ। ਇਹੀ ਪ੍ਰਭੂ ਦਾ ਨਾਮ ਹੈ।

ਸੁਖਮਨੀ ਸਾਹਿਬ ਵਿਚ ਹੀ ਫ਼ੁਰਮਾਣ ਹੈ ਕਿ ਪ੍ਰਭੂ ਦੇ ਸਿਮਰਨ ਨਾਲ, ਅਨਹਦ ਸ਼ਬਦ, ਸਿਮਰਨ ਦੀ ਝੁਨਕਾਰ ਸੁਣਨ ਲਗ ਪੈਂਦੀ ਹੈ - 'ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ।।'

ਸਾਧੂ ਦੀ ਸੰਗਤਿ ਕਰਣ ਨਾਲ ਇਹ ਧੁਨੀ ਸੁਣਨ ਲਗ ਜਾਂਦੀ ਹੈ, ਜਿਵੇਂ ਕਬੀਰ ਸਾਹਿਬ ਦਸ ਰਹੇ ਹਨ - 'ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ।।' ਭਗਤ ਨਾਮਦੇਵ ਜੀ ਨਾਮ ਜਪਣ ਦੀ ਇਸ ਅਵੱਸਥਾ ਦਾ ਬਿਆਨ ਕਰਦੇ ਹਨ ਕਿ ਜਦੋਂ ਕੋਈ ਨਾਮ ਜਪਦਿਆਂ, ਉਸ ਤੱਤ ਦੀ ਅਸਲ ਵਿਚਾਰ ਤੇ ਪੁਜ ਜਾਂਦਾ ਹੈ ਤਾਂ ਉਸਦੇ ਅੰਦਰ ਇਹ ਧੁਨੀ, ਅਣ-ਮੜ੍ਹਿਆ ਢੋਲ ਵਜ ਪੈਂਦਾ ਹੈ। ਉਸਦੇ ਅੰਦਰ, ਸਾਵਣ ਤੋਂ ਬਿਨਾਂ ਬਦਲ ਗਰਜਦੇ ਹਨ। ਬਿਨਾਂ ਬਦਲਾਂ ਦੇ, ਨਾਮ ਵਾਲੀ ਬਰਖਾ ਹੋਣ ਲਗ ਪੈਂਦੀ ਹੈ - 'ਅਣਮੜਿਆ ਮੰਦਲੁ ਬਾਜੈ।। ਬਿਨੁ ਸਾਵਣ ਘਨਹਰੁ ਗਾਜੈ।। ਬਾਦਲ ਬਿਨੁ ਬਰਖਾ ਹੋਈ।। ਜਉ ਤਤੁ ਬਿਚਾਰੈ ਕੋਈ।।' ਇਹ ਤਦ ਹੋ ਸਕਿਆ ਜਦੋਂ ਚੇਲੇ ਦਾ ਮਨ ਆਪਣੇ ਗੁਰੂ ਨਾਲ ਮੰਨ ਗਿਆ ਫ਼ਿਰ ਤੱਤ ਦੀ ਪਛਾਣ ਹੋ ਗਈ - 'ਗੁਰ ਚੇਲੇ ਹੈ ਮਨੁ ਮਾਨਿਆ।। ਜਨ ਨਾਮੈ ਤਤੁ ਪਛਾਨਿਆ।।', ਪੰਨਾ ੬੫੭. ਇੰਵ ਵੀ ਫ਼ੁਰਮਾਣ ਕਰਦੇ ਹਨ ਕਿ ਉਹ ਧੁਨੀ, ਨਾਦ, ਗੁਰੂ ਕਿਰਪਾ ਸਦਕਾ, ਮੇਰੇ ਹਿਰਦੇ ਵਿਚ ਸਮਾ ਗਈ ਹੈ, ਮੈਨੂੰ, ਸਚੇ ਗੁਰੂ ਦੀ ਕਿਰਪਾ ਨਾਲ, ਉਸ ਦੇਵ, ਪੂਜਯ ਪ੍ਰਭੂ ਦੇ ਦਰਸ਼ਨ ਹੋ ਗਏ ਹਨ, ਜਿਸ ਨਾਲ, ਚੁੰਧਿਆਉਣ ਵਾਲਾ ਚਾਨਣ ਦਿਸਦਾ ਹੈ ਅਤੇ ਅਨਹਦ ਸ਼ਬਦ ਵਜਣ ਲਗ ਪਿਆ ਹੈ - 'ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ।।.. ਜਹ ਝਿਲਿ ਮਿਲਿ ਕਾਰੁ ਦਿਸੰਤਾ।। ਤਹ ਅਨਹਦ ਸਬਦ ਬਜੰਤਾ।।...'

ਸ੍ਰੀ ਗੁਰੂ ਨਾਨਕ ਸਾਹਿਬ ਦਾ, ਪੰਨਾ ੧੦੧੩ ਤੇ, ਫ਼ੁਰਮਾਣ ਹੈ ਕਿ ਪ੍ਰਭੂ ਦੇ ਨਾਮ ਦੀ ਧੁਨੀ ਰੂਪ ਬਾਣੀ, ਪਰਮੇਸ਼ਰ ਦੇ ਹੁਕਮ ਵਿਚ ਸਾਰੇ ਸੁਖ ਅਤੇ ਮੁਕਤੀ ਮੌਜੂਦ ਹਨ। ਜੋ ਮਨੁਖ ਸਚ, ਭਾਵ, ਪ੍ਰਭੂ ਦਾ ਨਾਮ, ਆਪਣੇ ਹਿਰਦੇ ਵਿਚ ਧਾਰਣ ਕਰਦਾ ਹੈ, ਇਹ ਸਭ, ਉਸ ਨੂੰ ਪ੍ਰਾਪਤ ਹੁੰਦੇ ਹਨ - 'ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ।।'

-- ਸਿਮਰਤੀਆਂ, ਸ਼ਾਸਤਰਾਂ, ਵੇਦਾਂ ਆਦਿ ਧਰਮ ਗ੍ਰੰਥਾਂ ਨੇ ਵੀ ਇਹੀ ਬਿਆਨ ਕੀਤਾ ਹੈ ਕਿ ਪ੍ਰਭੂ ਦੇ ਨਾਮ ਜਪਣ ਦਾ ਆਖਰੀ ਪੜਾਅ ਇਹ ਧੁਨੀ ਹੀ ਹੈ, ਜਿਸ ਵਿਚ ਪ੍ਰਭੂ ਦੇ ਸਾਰੇ ਗੁਣ ਸਮਾਏ ਹੋਏ ਹਨ।

ਪਾਤਸ਼ਾਹ, ਪੰਨਾ ੨੦੨ ਤੇ, ਫ਼ੁਰਮਾਉਂਦੇ ਹਨ ਕਿ ਸਾਰੇ ਵੇਦ, ਸ਼ਾਸਤਰ ਅਤੇ ਸਿਮਰਤੀਆਂ ਆਦਿ ਧਰਮ ਗ੍ਰੰਥਾਂ ਦਾ ਇਹੀ ਉਪਦੇਸ਼ ਹੈ ਕਿ ਪ੍ਰਭੂ ਦਾ ਨਾਮ ਜਪਣ ਵਾਲੇ ਦੇ ਮਨ ਵਿਚ ਪ੍ਰਭੂ ਆ ਵਸਦਾ ਹੈ - 'ਸਿਮ੍ਰਿਤਿ ਸਾਸਤ ਬੇਦ ਬਖਾਨੇ।।.. ਨਾਮ ਜਪਤ ਪ੍ਰਭ ਸਿਉ ਮਨ ਮਾਨੇ।।'

ਵੈਸੇ, ਇਨ੍ਹਾਂ ਗ੍ਰੰਥਾਂ ਨੇ ਵੀ ਉਸੇ ਧੁਨੀ ਤੋਂ ਪਤਾ ਲਗਣ ਵਾਲੇ ਪ੍ਰਭੂ ਦੇ ਗੁਣਾਂ ਨੂੰ ਸ਼੍ਰੁਤੀ ਕਿਹਾ ਹੈ। ਗੁਰਬਾਣੀ ਵਿਚ ਇਸ ਅਨਹਦ ਧੁਨੀ ਤੋਂ ਪਤਾ ਲਗਣ ਵਾਲੇ, ਪ੍ਰਭੂ ਦੇ ਗੁਣਾਂ ਦੇ ਸ਼ਾਬਦਿਕ ਬਿਆਨ ਨੂੰ 'ਧੁਰ ਕੀ ਬਾਣੀ' ਕਿਹਾ ਹੈ।

ਸਗਲ ਮਤਾਂਤ ਕੇਵਲ ਹਰਿ ਨਾਮ ॥

ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥

-- ਉਪਰ ਦਿਤੇ ਸਾਰੇ ਧਰਮ ਗ੍ਰੰਥ ਦਾ ਇਕ ਹੀ ਮੱਤ ਹੈ ਉਹ ਹੈ ਹਰੀ ਦਾ ਨਾਮ। ਇਹ ਹਰੀ ਦਾ ਨਾਮ ਹੀ ਉਤਮ ਅਤੇ ਮੁਕਤ-ਪਦਾਰਥ ਦਾ ਦਾਤਾ ਹੈ, ਇਸੇ ਨੂੰ ਜਪਣ ਦਾ ਉਪਦੇਸ਼ ਹੈ।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੨੫੪ ਤੇ, ਫ਼ੁਰਮਾਣ ਕਰਦੇ ਹਨ ਕਿ ਸਾਰੇ ਧਰਮਾਂ ਦਾ ਇਹੀ ਮੱਤ ਹੈ ਕਿ ਵਾਹਗੁਰੂ, ਸੰਤ ਦੀ ਸਿਖਿਆ ਤੇ ਅਮਲ ਕਰ ਕੇ ਆਪ ਹੀ ਪ੍ਰਗਟ ਹੋ ਜਾਂਦਾ ਹੈ - 'ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ ਮਤਾਂਤ।।' ਸੁਖਮਨੀ ਸਾਹਿਬ ਵਿਚ ਹੀ ਫ਼ੁਰਮਾਣ ਕੀਤਾ ਗਿਆ ਹੈ ਕਿ ਸਾਧੂ ਦੀ ਸੰਗਤਿ ਅਤੇ ਕਿਰਪਾ ਨਾਲ ਹੀ, ਨਾਮ ਰੂਪੀ ਰਤਨ ਦੀ ਪ੍ਰਾਪਤੀ ਹੁੰਦੀ ਹੈ - 'ਸਾਧ ਕੈ ਸੰਗਿ ਪਾਏ ਨਾਮ ਰਤਨੁ।।'

-- ਨਾਲ ਹੀ ਇਹ ਮੱਤ ਵੀ ਹੈ ਕਿ ਗੋਬਿੰਦ, ਪ੍ਰਭੂ ਦੇ ਨਾਮ ਦਾ ਨਿਵਾਸ ਸਥਾਨ ਹੀ ਭਗਤ ਜਨਾਂ ਦਾ ਹਿਰਦਾ, ਮਨ ਹੈ।

ਇਹੀ, ਤੱਥ, ਸੁਖਮਨੀ ਸਾਹਿਬ ਦੀ 'ਰਹਾਉ' ਦੀ ਪੰਕਤੀ ਵਿਚ ਦਸਿਆ ਗਿਆ ਹੈ ਕਿ ਸੁਖਾਂ ਦੀ ਮਣੀ, ਭਾਵ, ਖਜ਼ਾਨਾ, ਪ੍ਰਭੂ ਦਾ ਅੰਮ੍ਰਿਤ ਮਈ ਨਾਮ ਹੈ ਅਤੇ ਇਹ ਨਾਮ ਭਗਤਾਂ ਦੇ ਹਿਰਦੇ, ਮਨ ਵਿਚ ਨਿਵਾਸ ਕਰਦਾ ਹੈ - 'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।। ਭਗਤ ਜਨਾ ਕੈ ਮਨਿ ਬਿਸ੍ਰਾਮ।।' 'ਰਹਾਉ' ਦੀ ਪੰਕਤੀ, ਹਰ ਸ਼ਬਦ ਦਾ ਸਾਰ, gist ਹੁੰਦੀ ਹੈ। ਬਾਕੀ ਸਾਰਾ ਸ਼ਬਦ ਉਸੇ ਪੰਕਤੀ ਦੇ ਦੁਆਲੇ ਘੁੰਮਦਾ ਹੈ। ਇਸੇ ਤਰ੍ਹਾਂ ਸਾਰੀ ਸੁਖਮਨੀ ਸਾਹਿਬ ਵੀ, ਆਪਣੀ 'ਰਹਾਉ' ਦੀ ਪੰਕਤੀ ਦੁਆਲੇ ਹੀ ਘੁੰਮਦੀ ਹੈ। ਸਪੱਸ਼ਟ ਹੈ ਕਿ ਜਿਸ ਨੇ ਵੀ ਨਾਮ ਦੀ

ਪ੍ਰਾਪਤੀ ਕਰਨੀ ਹੋਵੇ, ਉਹ, ਭਗਤਾਂ ਦੇ ਹਿਰਦੇ ਤਕ ਪਹੁੰਚ ਕਰੇ। ਭਗਤਾਂ ਦੇ ਹਿਰਦੇ ਤਕ ਪੁਜ ਕੇ ਹੀ ਵਾਹਗੁਰੂ ਦੀ ਪ੍ਰਾਪਤੀ ਸੰਭਵ ਹੋ ਸਕਦੀ ਹੈ, ਕਿਉਂਕਿ, ਵਾਹਗੁਰੂ ਭਗਤਾਂ ਦੇ ਵਸ ਵਿਚ ਹੈ 'ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ।।', ਪੰਨਾ ੯੬੨. ਭਗਤ ਨਾਮਦੇਵ ਜੀ ਨੂੰ, ਪਰਮੇਸ਼ਰ ਨੇ ਖ਼ੁਦ ਫ਼ੁਰਮਾਣ ਕੀਤਾ ਕਿ ਉਹ ਭਗਤ, ਭਾਵ, ਨਾਮਦੇਵ ਉਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ ਜਿਸ ਨੂੰ ਵੇਖ ਕੇ ਨਾਰਾਇਣ ਜੀ ਖ਼ੁਸ਼ ਹੁੰਦੇ ਹਨ - 'ਏਕੁ ਭਗਤੁ ਮੇਰੇ ਹਿਰਦੇ ਬਸੈ।। ਨਾਮੇ ਦੇਖਿ ਨਰਾਇਨੁ ਹਸੈ।।', ਪੰਨਾ ੧੧੬੩.

## ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥

## ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥

-- ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਕਰਣ ਨਾਲ ਕਰੋੜਾਂ ਪਾਪ, ਅਪਰਾਧ ਮਿਟ ਜਾਂਦੇ ਹਨ, ਖ਼ਤਮ ਹੋ ਜਾਂਦੇ ਹਨ।

-- ਪਰਮੇਸ਼ਰ ਦੇ ਸੰਤ ਦੀ ਕਿਰਪਾ ਸਦਕਾ ਜਮਾਂ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ।

ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਸੰਤਾਂ ਵਰਗਾ ਹੋਰ ਕੋਈ ਨਹੀਂ। ਉਨ੍ਹਾਂ ਦੀ ਸੰਗਤਿ ਕਰਣ ਨਾਲ ਕਰੋੜਾਂ ਪਾਪ, ਅਪਰਾਧ ਕਰਣ ਵਾਲੇ ਦਾ ਵੀ ਉਧਾਰ ਹੋ ਜਾਂਦਾ ਹੈ ਅਤੇ ਜਮ ਦੂਤ ਉਸ ਦੇ ਨੇੜੇ ਵੀ ਨਹੀਂ ਆ ਸਕਦੇ - 'ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ।।..ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ।।' ਸੁਖਮਨੀ ਸਾਹਿਬ ਵਿਚ ਹੀ ਫ਼ੁਰਮਾਣ ਹੈ ਕਿ ਜੇ ਮਨੁਖ ਨੂੰ ਜਨਮ ਮਰਣ ਦਾ ਡਰ ਸਤਾਏ ਤਾਂ ਉਹ ਸੰਤ ਜਨਾਂ ਦੀ ਸੰਗਤ ਵਿਚ ਆ ਜਾਏ - 'ਜੇ ਕੋ ਜਨਮ ਮਰਣ ਤੇ ਡਰੈ।। ਸਾਧ ਜਨਾ ਕੀ ਸਰਨੀ ਪਰੈ।।' ਪਾਤਸ਼ਾਹ, ੨੧੪ ਪੰਨੇ ਤੇ ਦਸਦੇ ਹਨ ਕਿ ਜਦੋ, ਸਾਧੂ, ਆਪਣੀ ਕਿਰਪਾ ਭਰਿਆ ਹਥ, ਸਾਡੇ ਮਸਤੱਕ ਤੇ ਰਖ ਦਿੰਦਾ ਹੈ ਤਾਂ ਹੀ ਸਾਡਾ ਜਨਮ ਮਰਣ ਦਾ ਗੇੜ ਮੁਕਦਾ ਹੈ - 'ਜਉ ਸਾਧੂ ਕਰੁ ਮਸਤਕ ਧਰਿਓ ਤਬ ਹਮ ਮੁਕਤ ਭਏ।।'

## ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥

## ਸਾਧ ਸਰਣਿ ਨਾਨਕ ਤੇ ਆਏ ॥੭॥

-- ਆਖਰੀ ਪਦੇ ਵਿਚ, ਪਾਤਸ਼ਾਹ ਦਸਦੇ ਹਨ ਕਿ, ਪ੍ਰਭੂ, ਆਪ, ਜਿਸਦੇ ਮਸਤੱਕ ਤੇ, ਕਿਰਪਾ ਕਰ ਕੇ ਲੇਖ ਲਿਖਦਾ ਹੈ

-- ਸਿਰਫ਼ ਉਹ ਮਨੁਖ ਹੀ ਸਾਧੂ ਜਨ ਦੀ ਸ਼ਰਣ ਵਿਚ ਆਉਂਦਾ ਹੈ। ਹੋਰ ਕੋਈ ਤਾਂ ਆ ਹੀ ਨਹੀਂ ਸਕਦਾ।

ਪਾਤਸ਼ਾਹ, ੬੭੬ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸਾਧੂ ਦੀ ਸੰਗਤਿ ਕਰਣ ਨਾਲ ਅਨੰਦ ਵਿਚ ਵਾਸਾ ਹੋ ਜਾਂਦਾ ਹੈ, ਪਰ ਉਨ੍ਹਾਂ ਦੀ ਸੰਗਤਿ ਮਿਲਦੀ ਉਸ ਨੂੰ ਹੈ, ਜਿਸ ਦੇ ਧੁਰ ਤੋਂ ਭਾਗ ਲਿਖੇ ਗਏ ਹੋਣ - 'ਸਾਧ ਸਭਾ ਮਹਿ ਅਨਦ ਬਿਸ੍ਰਾਮ।। ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ।।', ੭੧੩ ਪੰਨੇ ਤੇ ਫ਼ੁਰਮਾਣ ਕਰਦੇ ਹਨ ਕਿ ਸੰਤ ਦੀ ਸੇਵਾ ਟਹਿਲ, ਉਹੀ ਕਮਾ ਸਕਦਾ ਹੈ, ਉਸੇ ਨੂੰ ਮਿਲਦੀ ਹੈ, ਜਿਸ ਦੇ ਮਸਤੱਕ ਤੇ ਧੁਰ ਤੋਂ ਭਾਗ ਲਿਖਿਆ ਹੋਵੇ - 'ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ।।' ਪ੍ਰਭੂ ਦੇ ਦਾਸ, ਭਗਤ ਦੇ ਚਰਣਾਂ ਦੀ ਧੂੜ, ਉਹੀ ਬਣਿਆਂ, ਜਿਸ ਦੇ ਮਸਤੱਕ ਤੇ, ਧੁਰ ਤੋਂ ਹੀ, ਬਖ਼ਸ਼ਿਸ਼ ਨਾਲ, ਭਾਗ ਲਿਖੇ ਗਏ ਹੋਣ, ਹੋਰ ਕੋਈ ਦੂਜਾ ਨਹੀਂ ਹੋ ਸਕਦਾ - 'ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ।।', ਪੰਨਾ ੮੦੯ ਅਤੇ ਫ਼ਿਰ, ਪੰਨਾ ੯੫੯ ਤੇ, ਸ੍ਰੀ ਗੁਰੂ ਅਰਜਨ ਸਾਹਿਬ ਦੇ ਵਾਕ ਹਨ ਕਿ ਸੰਤ ਦੇ ਚਰਣਾਂ ਦੀ ਖ਼ਾਕ, ਉਸ ਨੂੰ ਪ੍ਰਾਪਤ ਹੁੰਦੀ ਹੈ ਜਿਸ ਦੇ ਮਥੇ ਤੇ, ਧੁਰ ਤੋਂ, ਭਾਗ ਲਿਖੇ ਗਏ ਹੁੰਦੇ ਹਨ - 'ਤਿਸ ਮਿਲੈ ਸੰਤ ਖਾਕ ਮਸਤਕਿ ਜਿਸੈ ਭਾਗੁ।।' ਪਾਤਸ਼ਾਹ ਦੇ 'ਗਾਥਾ' ਬਾਣੀ ਵਿਚ ਬਚਨ ਹਨ ਕਿ ਸਾਧੂ ਦਾ ਸੰਗ ਉਸ ਨੂੰ ਲਭਦਾ ਹੈ ਜਿਸਦੇ ਮਸਤੱਕ ਤੇ ਲੇਖ ਲਿਖਿਆ ਹੋਵੇ - 'ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖੵਣਃ।।'



20.9.2020